**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ/ਮੀਡੀਆ/2009/79702-721
ਮਿਤੀ ਚੰਡੀਗੜ੍ਹ 15-12-09

**ਵਿਸ਼ਾ:-ਬੱਚਿਆਂ ਨੂੰ ਖੇਡ ਵਿਧੀਆਂ ਰਾਹੀਂ ਸਿਖਾਉਣ ਸਬੰਧੀ।**
**ਹਵਾਲਾ: ਏ.ਐਸ.ਪੀ.ਡੀ/ਮੀਡੀਆ/2009/69102-121 ਮਿਤੀ ਚੰਡੀਗੜ੍ਹ 23.9.09 ਅਤੇ ਏ.ਐਸ.ਪੀ.ਡੀ/ ਮੀਡੀਆ/ 2009/72918-72937, 72938 ਮਿਤੀ ਚੰਡੀਗੜ੍ਹ 20.10.09 ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਬੱਚੇ ਅੰਦਰ ਸਿੱਖਣ ਸਿਖਾਉਣ ਦੀ ਪ੍ਰਕ੍ਰਿਆ ਨੂੰ ਰੌਚਕ ਤਰੀਕੇ ਨਾਲ ਨਿਭਾਉਣ ਪੱਖੋਂ ਇਹ ਜ਼ਰੂਰੀ ਹੈ ਕਿ ਬੱਚਿਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਖੇਡ ਵਿਧੀਆਂ ਰਾਹੀਂ ਸਿਖਾਇਆ ਜਾਵੇ। ਇਸ ਸਬੰਧੀ ਪੜ੍ਹੋ ਪੰਜਾਬ ਪ੍ਰੋਗਰਾਮ ਰਾਹੀਂ ਬਹੁਤ ਸਾਰੀਆਂ ਖੇਡਾਂ ਬੱਚੇ ਦੀ ਭਾਸ਼ਾ ਅਤੇ ਗਣਿਤ ਵਿਸ਼ੇ ਦੇ ਸੁਧਾਰ ਪੱਖੋਂ ਅਧਿਆਪਕਾਂ ਨੂੰ ਅਧਿਆਪਕ ਟ੍ਰੇਨਿੰਗਾਂ ਦੌਰਾਨ ਪਹਿਲਾਂ ਵੀ ਦੱਸੀਆਂ ਗਈਆਂ ਹਨ। ਪਰ ਫਿਰ ਵੀ ਸਕੂਲ ਅੰਦਰ ਬੱਚੇ ਨੂੰ ਸਿਖਾਉਣ ਲਈ ਵਧੀਆ ਮਾਹੌਲ ਉਸਾਰੀ ਪੱਖੋਂ ਨਵੀਆਂ ਤੋਂ ਨਵੀਆਂ ਖੇਡਾਂ ਰਾਹੀਂ ਬੱਚਿਆਂ ਨੂੰ ਲਿਖਣ ਪੜ੍ਹਨ ਲਈ ਉਤਸ਼ਾਹਿਤ ਕੀਤਾ ਜਾਵੇ।

3.0 ਖੇਡ ਵਿਧੀ ਰਾਹੀਂ ਬੱਚਾ ਔਖੇ ਤੋਂ ਔਖੇ ਵਿਸ਼ੇ ਵਿੱਚ ਵੀ ਦਿਲਸਚਪੀ ਲੈਂਦਾ ਹੈ। ਸੋ ਸਕੂਲਾਂ ਅੰਦਰ ਅਧਿਆਪਕ ਬੱਚਿਆਂ ਨੂੰ ਪੜ੍ਹੋ ਪੰਜਾਬ ਦੀਆਂ ਖੇਡ ਵਿਧੀਆਂ ਦੇ ਨਾਲ ਨਾਲ ਆਪਣੀ ਪੱਧਰ ਤੇ ਹੋਰ ਨਵੀਆਂ ਖੇਡਾਂ ਰਾਹੀਂ ਬੱਚੇ ਨੂੰ ਸਿਖਾਉਣ।

4.0 ਬੀ.ਐਮ.ਟੀ/ਸੀ.ਐਮ.ਟੀ. ਆਪਣੀ ਸਕੂਲ ਮੁਨੀਟਰਿੰਗ ਦੌਰਾਨ ਇਹਨਾਂ ਗੱਲਾਂ ਵੱਲ ਵਿਸ਼ੇਸ਼ ਧਿਆਨ ਦੇਣ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ 79722 ਮਿਤੀ 15-12-09
ਉਤਾਰਾ:(1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**